# ਦਫਤਰ ਨਗਰ ਨਿਗਮ ਬਠਿੰਡਾ

## ਬਿਲਡਿੰਗ ਸ਼ਾਖਾ ਰਿਹਾਇਸ਼ੀ ਨਕਸ਼ੇ ਲਈ

1. **ਰਿਹਾਇਸ਼ੀ ਨਕਸ਼ੇ ਪਾਸ ਕਰਨ ਸਬੰਧੀ:-** ਨਗਰ ਨਿਗਮ ਦੀ ਹੱਦ ਅੰਦਰ ਆਉਣ ਵਾਲੀਆਂ ਹਰ ਤਰ੍ਹਾਂ ਦੀਆ ਉਸਾਰੀਆਂ ਦੇ ਨਕਸ਼ੇ ਨਗਰ ਨਿਗਮ ਵੱਲੋਂ ਪਾਸ ਕੀਤੇ ਜਾਂਦੇ ਹਨ। ਕੋਈ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਨਕਸ਼ਾ ਪਾਸ ਕਰਵਾਉਣਾ ਜਰੂਰੀ ਹੁੰਦਾ ਹੈ। ਇਸ ਮੰਤਵ ਲਈ ਪ੍ਰਾਰਥੀ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ **ਫਾਰਮ ਏ.ਬੀ.** ਵਿੱਚ ਅਰਜੀ ਦੇ ਸਕਦਾ ਹੈ। ਇਸ ਦੇ ਨਾਲ ਹੇਠ ਲਿਖੇ ਦਸਤਾਵੇਜ ਵੀ ਲਗਾਏ ਜਾਂਦੇ ਹਨ।

(1) ਸ਼ਹਿਰੀ ਵਿਕਾਸ ਰਾਸ਼ਟਰੀ ਬਿਲਡਿੰਗ ਸੰਸਥਾ ਦੇ ਦੋ ਫਾਰਮ ਜਿਸ ਵਿੱਚ ਇਮਾਰਤ ਸਬੰਧੀ ਜਰੂਰੀ ਵੇਰਵਾ ਅਤੇ ਪੁਰਾਣੀ ਇਮਾਰਤ ਵਿੱਚ ਕੀਤੀ ਜਾਣ ਵਾਲੀ ਤਬਦੀਲੀ ਦੀ ਜਾਣਕਾਰੀ ਦਿੱਤੀ ਜਾਂਦੀ ਹੈ।

(2) ਜਗ੍ਹਾ ਦੀ ਮਾਲਕੀ ਸਬੂਤ ਸਬੰਧੀ ਦਸਤਾਵੇਜ:(ਰਜਿਸਟਰੀ ਦੀ ਕਾਪੀ/ਮਾਲ ਰਿਕਾਰਡ ਮੌਜੂਦਾ ਸਾਲ ਦੀ ਨਕਲ ਜਮ੍ਹਾਂਬੰਦੀ)

(3) ਸਵੈ-ਘੋਸ਼ਣਾ ਪੱਤਰ ਪ੍ਰੋਫਾਰਮੇ ਅਨੁਸਾਰ

(4) ਇਮਾਰਤ ਦੇ ਨਕਸ਼ੇ ਦੀਆ ਚਾਰ ਕਾਪੀਆਂ(2 ਟਰੇਸਿੰਗ ਕਲਾਥ ਅਤੇ ਦੋ ਬਲਿਊ ਪ੍ਰਿੰਟ)ਜੋ ਕਿ ਨਗਰ ਨਿਗਮ ਵੱਲੋਂ ਅਪਰੂਵਡ ਨਕਸ਼ਾ ਨਵੀਸ ਪਾਸੋਂ ਬਣਾਈਆਂ ਹੋਈਆਂ ਹੋਣ। (ਅਪਰੂਵਡ ਆਰਕੀਟੈਕਟਾਂ ਦੀ ਲਿਸਟ ਨਾਲ ਨੱਥੀ ਹੈ)

ਫਾਈਲ ਮੁਕੰਮਲ ਕਰਨ ਤੋਂ ਬਾਅਦ ਸਿੰਗਲ ਵਿੰਡੋ ਤੇ ਫਾਇਲ ਸਮੇਤ ਲੋੜੀਂਦੀ ਫੀਸ ਜਮ੍ਹਾਂ ਕਰਵਾਈ ਜਾਂਦੀ ਹੈ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

**(ੳ) ਬਿਲਡਿੰਗ ਫੀਸ:-**

| | | |
|---|---|---|
| 1. | ਰਿਹਾਇਸ਼ੀ | 2.50 ਰੁਪਏ ਪ੍ਰਤੀ ਵਰਗ ਫੁੱਟ |
| 2. | ਚਾਰਦਿਵਾਰੀ | 2.50 ਰੁਪਏ ਪ੍ਰਤੀ ਫੁੱਟ ਲੰਬਾਈ ਰਿਹਾਇਸ਼ੀ |

**(ਅ) ਮਲਬਾ ਫੀਸ:-**

| | |
|---|---|
| 1. 500 ਵਰਗ ਫੁੱਟ ਤੱਕ | 500.00 ਰੁਪਏ |
| 2. 501 ਤੋਂ 1000 ਵਰਗ ਫੁੱਟ ਤੱਕ | 1000.00 ਰੁਪਏ |
| 3. 1001 ਤੋਂ 1500 ਵਰਗ ਫੁੱਟ ਤੱਕ | 1500.00 ਰੁਪਏ |
| 4. 1501 ਤੋਂ 2000 ਵਰਗ ਫੁੱਟ ਤੱਕ | 2000.00 ਰੁਪਏ |
| 5. 2000 ਵਰਗ ਫੁੱਟ ਤੋਂ ਵੱਧ | 2000.00 ਰੁਪਏ + 50 ਪੈਸੇ ਪ੍ਰਤੀ ਵਰਗ ਫੁੱਟ 2000 ਤੋਂ ਵੱਧ ਏਰੀਏ ਉੱਪਰ |

**(ੲ) ਡਿਵੈਲਪਮੈਂਟ ਚਾਰਜ:-**

1. ਡਿਵੈਲਪਮੈਂਟ ਚਾਰਜ 5.00 ਰੁਪਏ 1000 ਰੁਪਏ ਉਸਾਰੀ ਦੀ ਕੀਮਤ(Estimated Cost) ਉੱਪਰ ਲਏ ਜਾਂਦੇ ਹਨ।

2. ਐਸਟੀਮੇਟ= ਗਰਾਉਂਡ ਫਲੋਰ ਅਤੇ ਬੇਸਮੈਂਟ 500/-ਰੁਪਏ ਪ੍ਰਤੀ ਵਰਗ ਫੁੱਟ
ਗਰਾਉਂਡ ਫਲੋਰ ਅਤੇ ਹੋਰ ਉੱਪਰਲੀ ਮੰਜਿਲ 400/-ਰੁਪਏ ਪ੍ਰਤੀ ਵਰਗ ਫੁੱਟ

3. ਸਾਰੇ ਸ਼ਹਿਰ ਦੇ ਅਨਡਿਵੈਲਪਡ ਏਰੀਏ ਵਿੱਚ ਪੈਂਦੇ ਰਿਹਾਇਸ਼ੀ ਨਕਸ਼ਿਆਂ ਉੱਪਰ ਸਰਕਾਰ ਦੁਆਰਾ ਸਾਲ 2005 ਵਿੱਚ ਤੈਅ ਕੀਤੇ ਰੇਟਾਂ ਅਤੇ ਮਤਾ ਨੰ: 30 ਮਿਤੀ 15/07/2010 ਰਾਹੀਂ ਅਡਾਪਟ ਕੀਤੇ ਡਿਵੈਲਪਮੈਂਟ ਚਾਰਜਿਜ ਲਗਾਏ ਜਾਂਦੇ ਹਨ। ਮੌਜੂਦਾ ਰੇਟ ਜੂਨ 2018 ਤੱਕ ਹੇਠ ਲਿਖੇ ਅਨੁਸਾਰ ਹਨ: Rate upto June 2018

| | | |
|---|---|---|
| Slum Area | Nil | |
| 50 Scare Yard | Nil | |
| 50 to 125 Scare Yard | ~~187~~/- Per Sq. Yard | 206/- Per sq yds |
| 126 To 250 Scare Yard | ~~326~~/- Per Sq. Yard | 342/- " |
| Above | ~~499~~/- Per Sq. Yard | 549/- " |

ਇਹਨਾਂ ਰੇਟਾਂ ਵਿੱਚ ਹਰ ਸਾਲ 10% ਮਹੀਨਾ ਜੁਲਾਈ ਦੀ ਪਹਿਲੀ ਤਾਰੀਖ ਤੋਂ Commulative ਵਾਧਾ ਹੋਵੇਗਾ।

2. **ਵਾਟਰ ਚਾਰਜ :** ਵਾਟਰ ਚਾਰਜ 6.00/-ਰੁਪਏ ਪ੍ਰਤੀ 1000 ਰੁਪਏ ਐਸਟੀਮੇਟਡ ਕੌਸਟ ਉੱਪਰ
(ਵਾਟਰ ਚਾਰਜ ਉਸ ਏਰੀਏ ਵਿੱਚ ਚਾਰਜ ਕੀਤੇ ਜਾਂਦੇ ਹਨ ਜਿੱਥੇ ਪਾਣੀ ਦੀ ਪਾਈਪ ਲਾਈਨ ਨਗਰ ਨਿਗਮ ਵੱਲੋਂ ਪਾਈ ਗਈ ਹੋਵੇ)

**ਗਊਸ਼ਾਲਾ ਫੀਸ :** 50/-ਰੁਪਏ ਪ੍ਰਤੀ ਫਾਇਲ

**ਲੇਬਰ ਸੈੱਸ :** 10 ਲੱਖ ਤੋਂ ਉੱਪਰ ਐਸਟੀਮੇਟਾਂ ਵਾਲੇ ਨਕਸ਼ਿਆਂ ਤੇ 1% ਲੇਬਰ ਸੈੱਸ ਲਗਦਾ ਹੈ।

ਉਪਰੋਕਤ ਫੀਸ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਹੋਰ ਫੀਸਾਂ ਵੀ ਭਰਵਾਈਆਂ ਜਾਂਦੀਆਂ ਹਨ। (ਜਿੱਥੇ ਲਾਗੂ ਹੋਵੇ)

**(i). ਰਾਜੀਨਾਮਾ ਫੀਸ:-** ਜੇਕਰ ਉਸਾਰੀ ਪਹਿਲਾਂ ਕਰ ਲਈ ਹੋਵੇ ਤਾਂ ਰਾਜੀਨਾਮਾ ਫੀਸ ਉਸਾਰੀ ਕੀਤੇ ਰਕਬੇ ਤੇ ਹੇਠ ਲਿਖੇ ਅਨੁਸਾਰ ਚਾਰਜ ਕੀਤੀ ਜਾਂਦੀ ਹੈ।

ਰਿਹਾਇਸ਼ੀ ਲਈ ਰੇਟ :- 12.50/- ਰੁਪਏ ਪ੍ਰਤੀ ਵਰਗ ਫੁੱਟ ਉਸਾਰੀ ਕੀਤੇ ਰਕਬੇ ਤੇ
ਪਲਿੰਥ ਲੈਵਲ ਤੱਕ :- 33% ਉਪਰੋਕਤ ਦਾ
ਲਿਟਲ ਲੈਵਲ ਤੱਕ :- 66% ਉਪਰੋਕਤ ਦਾ
ਛੱਤ ਪਾ ਲਈ ਹੈ ਤਾਂ :- 100% ਉਪਰੋਕਤ ਦਾ

**(ii. ਸਬ-ਡਿਵੀਜਨ ਚਾਰਜਿਜ:-** ਜੇਕਰ ਪਲਾਟ ਦਾ ਸਾਈਜ਼ ਸਕੀਮ ਦੀ ਜ਼ੋਨਿੰਗ ਨਾਲ ਮੇਲ ਨਾ ਖਾਂਦਾ ਹੋਵੇ ਤਾਂ 30/-ਰੁਪਏ ਪ੍ਰਤੀ ਵਰਗ ਗਜ ਸਬ-ਡਿਵੀਜਨ ਚਾਰਜਿਜ਼ ਲਏ ਜਾਂਦੇ ਹਨ।

**(iii. ਰੱਦੋ ਬਦਲ ਚਾਰਜਿਜ (Deviation Charges):-** ਜਦੋਂ ਕੋਈ ਉਸਾਰੀਕਾਰ ਮੰਨਜੂਰਸ਼ੁਦਾ ਨਕਸ਼ੇ ਤੋਂ ਵੱਧ ਉਸਾਰੀ ਦਾ ਨਕਸ਼ਾ ਦਿੰਦਾ ਹੈ ਤਾਂ ਉਸ ਵਾਧੂ ਉਸਾਰੀ ਦੀ ਰਾਜੀਨਾਮਾ ਫੀਸਾ ਦੇ 25% ਡੈਵੀਏਸ਼ਨ ਚਾਰਜਿਜ ਵਸੂਲ ਕੀਤੇ ਜਾਂਦੇ ਹਨ।

**(iv. ਪਹਿਲਾ ਉਸਰੀ ਇਮਾਰਤ ਦੇ ਢਾਉਣ ਸਬੰਧੀ ਚਾਰਜਿਜ (Demolition Charges):-** ਜਦੋਂ ਕੋਈ ਉਸਾਰੀਕਾਰ ਨਕਸ਼ੇ ਵਿੱਚ ਪੁਰਾਣੀ ਉਸਾਰੀ ਨੂੰ ਢਾਉਣੀ ਵਿਖੇ ਕੇ ਨਵੀਂ ਉਸਾਰੀ ਦਾ ਨਕਸ਼ਾ ਪੇਸ਼ ਕਰਦਾ ਹੈ ਤਾਂ ਨਕਸ਼ਾ ਨਵੀਸ ਵਲੋਂ ਨਕਸ਼ਾ ਫਾਈਲ ਵਿੱਚ ਢਾਉਣ ਵਾਲੀ ਉਸਾਰੀ ਦਾ ਵਖਰੇ ਤੌਰ ਤੇ ਬਣਾਏ ਅਸਟੀਮੇਟ ਦਾ 6 ਰੁਪਏ ਪ੍ਰਤੀ 1000 ਗ. ਐਸਟੀਮੇਟ ਕਾਸਟਰ ਉਪਰ ਡੈਮੋਲੇਸਨ ਚਾਰਜਿਜ ਵਸੂਲ ਕੀਤੇ ਜਾਂਦੇ ਹਨ ।

**ਦਿੱਤੀ ਅਰਜੀ ਠੀਕ ਹੋਣ ਉਪਰੰਤ ਨਕਸ਼ਾ ਪਾਸ ਕਰਨ ਦਾ ਸਮਾਂ:**

500 ਵਰਗ ਗਜ ਤੱਕ ਦੇ ਪਲਾਟ ਤੱਕ 30 ਦਿਨ
500 ਵਰਗ ਗਜ ਤੋਂ ਵੱਧ ਦੇ ਪਲਾਟ ਤੱਕ 60 ਦਿਨ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ।

**ਨੋਟ:-** 1. ਨਿਗਮ ਦਫਤਰ ਵੱਲੋਂ 20 ਦਿਨਾਂ ਵਿੱਚ ਨਕਸ਼ੇ ਸਬੰਧੀ ਫੈਸਲਾ ਕਰਨ ਦੀ ਹਰ ਸੰਭਵ ਕੋਸ਼ਿਸ ਕੀਤੀ ਜਾਂਦੀ ਹੈ ਜੇਕਰ ਸਬੰਧਤ ਵਿਅਕਤੀ ਪ੍ਰਵਾਨਿਤ ਨਕਸ਼ੇ ਦੀ ਪਾਲਣਾ ਨਹੀਂ ਕਰਦਾ ਤਾਂ ਨਗਰ ਨਿਗਮ ਉਸਾਰੀ ਗਿਰਾ/ਰਾਜੀਨਾਮਾ ਕਰ ਸਕਦੀ ਹੈ। ਬਿਨਾਂ ਨਕਸ਼ਾ ਮੰਨਜੂਰ ਕਰਵਾਏ ਉਸਾਰੀ ਕਰਨ ਵਾਲੇ ਨੂੰ ਪੰਜਾਬ ਮਿਉਂਸਪਲ ਐਕਟ ਦੀ ਧਾਰਾ 269/270 ਦੇ ਨੋਟਿਸ ਕੱਟੇ ਜਾਂਦੇ ਹਨ ਅਤੇ ਨੋਟਿਸਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਉਸਾਰੀ ਗਿਰਾਉਣ ਦੇ ਹੁਕਮ ਪਾਸ ਕਰਨ ਉਪਰੰਤ ਉਸਾਰੀ ਗਿਰਾ ਦਿੱਤੀ ਜਾਂਦੀ ਹੈ।

2. ਨਕਸ਼ਾ ਪਾਸ ਹੋਣ ਤੋਂ ਦੋ ਸਾਲ ਵਿੱਚ ਉਸਾਰੀ ਮੁਕੰਮਲ ਕਰਨੀ ਹੋਵੇਗੀ ਜੇਕਰ ਨਿਸ਼ਚਿਤ ਸਮੇਂ ਅੰਦਰ ਉਸਾਰੀ ਮੁਕੰਮਲ ਨਹੀਂ ਹੁੰਦੀ ਤਾਂ ਆਪ ਦਰਖਾਸਤ ਦੇ ਕੇ ਇੱਕ ਸਾਲ ਦਾ ਵਾਧਾ ਕਰਵਾ ਸਕਦੇ ਹੋ। ਉਸਾਰੀ ਮੁਕੰਮਲ ਹੋਣ ਉਪਰੰਤ ਫਾਰਮ ਐੱਫ ਭਰਕੇ ਨਿਗਮ ਤੋਂ ਕੰਪਲੀਸ਼ਨ ਸਰਟੀਫਿਕੇਟ ਲੈ ਸਕਦੇ ਹੋ।

## ਰਿਹਾਇਸ਼ੀ ਨਕਸ਼ਾ ਪਾਸ ਕਰਨ ਸਬੰਧੀ ਫਲੋਅ ਚਾਰਟ

| ਲੜੀ ਨੰ: | ਸਬੰਧਤ ਅਧਿਕਾਰੀ | ਰਿਹਾਇਸ਼ੀ ਨਕਸ਼ੇ 500 ਵਰਗ ਗਜ ਤੱਕ ਲਈ ਸਮਾਂ 30 ਦਿਨ | ਰਿਹਾਇਸ਼ੀ ਨਕਸ਼ੇ 500 ਵਰਗ ਗਜ ਤੋਂ ਵੱਧ ਲਈ ਸਮਾਂ 60 ਦਿਨ |
|---|---|---|---|
| 1. | ਸਿੰਗਲ ਵਿੰਡੋ | 01 ਦਿਨ | 01 ਦਿਨ |
| 2. | ਬਿਲਡਿੰਗ ਕਲਰਕ | 01 ਦਿਨ | 01 ਦਿਨ |
| 3. | ਜੂਨੀਅਰ ਇੰਜੀਨੀਅਰ | 10 ਦਿਨ | 20 ਦਿਨ |
| 4. | ਸਹਾ.ਕਾਰਪੋਰੇਸ਼ਨ ਇੰਜੀਨੀਅਰ | 07 ਦਿਨ | 14 ਦਿਨ |
| 5. | ਨਿਗਮ ਇੰਜੀਨੀਅਰ | 05 ਦਿਨ | 11 ਦਿਨ |
| 6. | ਸਹਾਇਕ ਕਮਿਸ਼ਨਰ | 05 ਦਿਨ | 10 ਦਿਨ |
| 7. | ਕਮਿਸ਼ਨਰ | -- | -- |

# ਦਫਤਰ ਨਗਰ ਨਿਗਮ ਬਠਿੰਡਾ

## ਬਿਲਡਿੰਗ ਸ਼ਾਖਾ ਕਾਰੋਬਾਰੀ ਨਕਸ਼ੇ ਲਈ

1. **ਕਾਰੋਬਾਰੀ ਨਕਸ਼ੇ ਪਾਸ ਕਰਨ ਸਬੰਧੀ:-** ਨਗਰ ਨਿਗਮ ਦੀ ਹੱਦ ਅੰਦਰ ਆਉਣ ਵਾਲੀਆਂ ਹਰ ਤਰ੍ਹਾਂ ਦੀਆਂ ਉਸਾਰੀਆਂ ਦੇ ਨਕਸ਼ੇ ਨਗਰ ਨਿਗਮ ਵੱਲੋਂ ਪਾਸ ਕੀਤੇ ਜਾਂਦੇ ਹਨ। ਕੋਈ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਨਕਸ਼ਾ ਪਾਸ ਕਰਵਾਉਣਾ ਜਰੂਰੀ ਹੁੰਦਾ ਹੈ। ਇਸ ਮੰਤਵ ਲਈ ਪ੍ਰਾਰਥੀ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ **ਫਾਰਮ ਏ.ਬੀ.** ਵਿੱਚ ਅਰਜੀ ਦੇ ਸਕਦਾ ਹੈ। ਇਸ ਦੇ ਨਾਲ ਹੇਠ ਲਿਖੇ ਦਸਤਾਵੇਜ ਵੀ ਲਗਾਏ ਜਾਂਦੇ ਹਨ।

(1) ਸ਼ਹਿਰੀ ਵਿਕਾਸ ਰਾਸ਼ਟਰੀ ਬਿਲਡਿੰਗ ਸੰਸਥਾ ਦੇ ਦੋ ਫਾਰਮ ਜਿਸ ਵਿੱਚ ਇਮਾਰਤ ਸਬੰਧੀ ਜਰੂਰੀ ਵੇਰਵਾ ਅਤੇ ਪੁਰਾਣੀ ਇਮਾਰਤ ਵਿੱਚ ਕੀਤੀ ਜਾਣ ਵਾਲੀ ਤਬਦੀਲੀ ਦੀ ਜਾਣਕਾਰੀ ਦਿੱਤੀ ਜਾਂਦੀ ਹੈ।

(2) ਜਗ੍ਹਾ ਦੀ ਮਾਲਕੀ ਸਬੂਤ ਸਬੰਧੀ ਦਸਤਾਵੇਜ:(ਰਜਿਸਟਰੀ ਦੀ ਕਾਪੀ/ਮਾਲ ਰਿਕਾਰਡ ਮੌਜੂਦਾ ਸਾਲ ਦੀ ਨਕਲ ਜਮ੍ਹਾਂਬੰਦੀ)

(3) ਸਵੈ-ਘੋਸ਼ਣਾ ਪੱਤਰ ਪ੍ਰੋਫਾਰਮੇ ਅਨੁਸਾਰ

(4) ਸਵੈ-ਘੋਸ਼ਣਾ ਪੱਤਰ ਉਸਾਰੀ ਗਿਰਾਉਣ ਸਬੰਧੀ ਜੇਕਰ ਉਸਾਰੀ ਗਿਰਾ ਕੇ ਹੋਰ ਬਣਾਈ ਜਾਣੀ ਹੈ।

(5) ਇਮਾਰਤ ਦੇ ਨਕਸ਼ੇ ਦੀਆ ਚਾਰ ਕਾਪੀਆਂ(2 ਟਰੇਸਿੰਗ ਕਲਾਥ ਅਤੇ ਦੋ ਬਲਿਊ ਪ੍ਰਿੰਟ)ਜੋ ਕਿ ਨਗਰ ਨਿਗਮ ਵੱਲੋਂ ਅਪਰੂਵਡ ਨਕਸ਼ਾ ਨਵੀਸ ਪਾਸੋਂ ਬਣਾਈਆਂ ਹੋਈਆਂ ਹੋਣ।

ਫਾਈਲ ਮੁਕੰਮਲ ਕਰਨ ਤੋਂ ਬਾਅਦ ਸਿੰਗਲ ਵਿੰਡੋ ਵਿੱਚ ਲੋੜੀਂਦੀ ਫੀਸ ਜਮ੍ਹਾਂ ਕਰਵਾਈ ਜਾਂਦੀ ਹੈ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

(ੳ) ਬਿਲਡਿੰਗ ਫੀਸ:-

| | | |
|---|---|---|
| 1. | ਕਾਰੋਬਾਰੀ | 5.00 ਰੁਪਏ ਪ੍ਰਤੀ ਵਰਗ ਫੁੱਟ |
| 3. | ਚਾਰਦਿਵਾਰੀ | 5.00 ਰੁਪਏ ਪ੍ਰਤੀ ਫੁੱਟ ਲੰਬਾਈ ਕਾਰੋਬਾਰੀ |

(ਅ) ਮਲਬਾ ਫੀਸ:-

| | |
|---|---|
| 1. 500 ਵਰਗ ਫੁੱਟ ਤੱਕ | 500.00 ਰੁਪਏ |
| 2. 501 ਤੋਂ 1000 ਵਰਗ ਫੁੱਟ ਤੱਕ | 1000.00 ਰੁਪਏ |
| 3. 1001 ਤੋਂ 1500 ਵਰਗ ਫੁੱਟ ਤੱਕ | 1500.00 ਰੁਪਏ |
| 4. 1501 ਤੋਂ 2000 ਵਰਗ ਫੁੱਟ ਤੱਕ | 2000.00 ਰੁਪਏ |
| 5. 2000 ਵਰਗ ਫੁੱਟ ਤੋਂ ਵੱਧ | 2000.00 ਰੁਪਏ<br>+ 50 ਪੈਸੇ ਪ੍ਰਤੀ ਵਰਗ ਫੁੱਟ 2000 ਤੋਂ ਵੱਧ ਏਰੀਏ ਉੱਪਰ |

(ੲ) **ਡਿਵੈਲਪਮੈਂਟ ਚਾਰਜ:-**

1. **ਡਿਵੈਲਪਮੈਂਟ ਚਾਰਜ 5.00 ਰੁਪਏ 1000 ਰੁਪਏ ਉਸਾਰੀ ਦੀ ਕੀਮਤ(Estimated Cost) ਉੱਪਰ ਲਏ ਜਾਂਦੇ ਹਨ।**
2. **ਐਸਟੀਮੇਟ= ਕਵਰਡ ਏਰੀਆ 225/-ਰੁਪਏ ਪ੍ਰਤੀ ਵਰਗ ਫੁੱਟ ਗਰਾਊਂਡ ਫਲੋਰ**
   **ਕਵਰਡ ਏਰੀਆ 200/-ਰੁਪਏ ਪ੍ਰਤੀ ਵਰਗ ਫੁੱਟ ਉੱਪਰਲੀ ਮੰਜਿਲ**
3. ਸਾਰੇ ਸ਼ਹਿਰ ਦੇ ਕਮਰਸ਼ੀਅਲ ਨਕਸ਼ਿਆਂ ਉੱਪਰ ਸਰਕਾਰ ਦੁਆਰਾ ਸਾਲ 2005 ਵਿੱਚ ਤੈਅ ਕੀਤੇ ਰੇਟਾਂ ਅਤੇ ਮਤਾ ਨੰ:30 ਮਿਤੀ 15/07/2010 ਰਾਹੀਂ ਅਡਾਪਟ ਕੀਤੇ ਡਿਵੈਲਪਮੈਂਟ ਚਾਰਜਿਜ ਲਗਾਏ ਜਾਂਦੇ ਹਨ। ਮੌਜੂਦਾ ਰੇਟ ਜੂਨ 2018 ਤੱਕ ਹੇਠ ਲਿਖੇ ਅਨੁਸਾਰ ਹਨ: Rate upto June 2018

| | | |
|---|---|---|
| Slum Area | Nil | |
| 50 Scare Yard | Nil | |
| 50 to 125 Scare Yard | 115/- Per Sq.Yard | 206/- Per syd. |
| 126 To 250 Scare Yard | 195/- Per Sq.Yard | 348/- " |
| Above | 310/- Per Sq.Yard | 549/- " |

ਇਹਨਾਂ ਰੇਟਾਂ ਵਿੱਚ ਹਰ ਸਾਲ 10% ਸੱਤਵੇਂ ਮਹੀਨੇ ਦੀ ਪਹਿਲੀ ਤਾਰੀਖ ਤੋਂ Commulative ਵਾਧਾ ਹੋਵੇਗਾ।

2. **ਵਾਟਰ ਚਾਰਜ :** ਵਾਟਰ ਚਾਰਜ 6.00/-ਰੁਪਏ ਪ੍ਰਤੀ 1000 ਰੁਪਏ ਐਸਟੀਮੇਟਡ ਕੌਸਟ ਉੱਪਰ

(ਵਾਟਰ ਚਾਰਜ ਉਸ ਏਰੀਏ ਵਿੱਚ ਚਾਰਜ ਕੀਤੇ ਜਾਂਦੇ ਹਨ ਜਿੱਥੇ ਪਾਣੀ ਦੀ ਪਾਈਪ ਲਾਈਨ ਨਗਰ ਨਿਗਮ ਵੱਲੋਂ ਪਾਈ ਗਈ ਹੋਵੇ)

**ਗਊਸ਼ਾਲਾ ਫੀਸ :** 50/-ਰੁਪਏ ਪ੍ਰਤੀ ਫਾਇਲ

**ਲੇਬਰ ਸੈੱਸ :** 10 ਲੱਖ ਤੋਂ ਉੱਪਰ ਐਸਟੀਮੇਟਾਂ ਵਾਲੇ ਨਕਸ਼ਿਆਂ ਤੇ 1% ਲੇਬਰ ਸੈੱਸ ਲਗਦਾ ਹੈ।

ਉਪਰੋਕਤ ਫੀਸ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਹੋਰ ਫੀਸਾਂ ਵੀ ਭਰਵਾਈਆਂ ਜਾਂਦੀਆਂ ਹਨ**(ਜਿੱਥੇ ਲਾਗੂ ਹੋਵੇ)**

**(i). ਰਾਜੀਨਾਮਾ ਫੀਸ:-** ਜੇਕਰ ਉਸਾਰੀ ਪਹਿਲਾਂ ਕਰ ਲਈ ਹੋਵੇ ਤਾਂ ਰਾਜੀਨਾਮਾ ਫੀਸ ਉਸਾਰੀ ਕੀਤੇ ਰਕਬੇ ਤੇ ਹੇਠ ਲਿਖੇ ਅਨੁਸਾਰ ਚਾਰਜ ਕੀਤੀ ਜਾਂਦੀ ਹੈ।

ਕਾਰੋਬਾਰੀ ਲਈ ਰੇਟ :- 25.00/- ਰੁਪਏ ਪ੍ਰਤੀ ਵਰਗ ਫੁੱਟ ਉਸਾਰੀ ਕੀਤੇ ਰਕਬੇ ਤੇ

ਪਲਿੰਥ ਲੈਵਲ ਤੱਕ:- 33% ਉਪਰੋਕਤ ਦਾ

ਲਿਟਲ ਲੈਵਲ ਤੱਕ:- 66% ਉਪਰੋਕਤ ਦਾ

ਛੱਤ ਪਾ ਲਈ ਹੈ ਤਾਂ:- 100% ਉਪਰੋਕਤ ਦਾ

**(ii).ਭੌ-ਤਬਦੀਲੀ ਚਾਰਜਿਜ਼:-** ਸਕੀਮ ਏਰੀਏ ਵਿੱਚ ਜਿੱਥੇ ਕਾਰੋਬਾਰੀ ਉਸਾਰੀ ਕਰਨੀ ਹੋਵੇ ~~1329~~ 2143/- ਰੁਪਏ ਪ੍ਰਤੀ ਵਰਗ ਗਜ ਪਲਾਟ ਏਰੀਏ ਉੱਪਰ ਮਾਰਚ 2018 ਤੱਕ।ਹਰ ਸਾਲ 10% ਕਮੂਲੇਟਿਵ ਵਾਧਾ।ਅਣ-ਅਧਿਕਾਰਤ ਤੌਰ ਤੇ ਕੀਤੀ ਗਈ ਭੌਂ ਤਬਦੀਲੀ ਤੇ 10% ਵਾਧੂ CLU ਚਾਰਜਿਜ ਲਗਾਏ ਜਾਂਦੇ ਹਨ।ਨਾਨ-ਸਕੀਮ ਏਰੀਏ ਵਿੱਚ ਜਿੱਥੇ ਕਾਰੋਬਾਰੀ ਉਸਾਰੀ ਕਰਨੀ ਹੋਵੇ ਤਾਂ ਮੌਜੂਦਾ ਕੁਲੈਕਟਰ ਰੇਟ ਦਾ 5% ਚਾਰਜ ਕੀਤਾ ਜਾਂਦਾ ਹੈ।

CLU Rate upto March 2018

**(iii).ਸਬ-ਡਿਵੀਜਨ ਚਾਰਜਿਜ਼:-** ਜੇਕਰ ਪਲਾਟ ਦਾ ਸਾਈਜ਼ ਸਕੀਮ ਦੀ ਜ਼ੋਨਿੰਗ ਨਾਲ ਮੇਲ ਨਾ ਖਾਂਦਾ ਹੋਵੇ ਤਾਂ 30/- ਰੁਪਏ ਪ੍ਰਤੀ ਵਰਗ ਗਜ ਸਬ-ਡਿਵੀਜਨ ਚਾਰਜਿਜ਼ ਲਏ ਜਾਂਦੇ ਹਨ।

**ਦਿੱਤੀ ਅਰਜੀ ਠੀਕ ਹੋਣ ਉਪਰੰਤ ਨਕਸ਼ਾ ਪਾਸ ਕਰਨ ਦਾ ਸਮਾਂ:**

500 ਵਰਗ ਗਜ ਤੱਕ ਦੇ ਪਲਾਟ ਤੱਕ 30 ਦਿਨ

500 ਵਰਗ ਗਜ ਤੋਂ ਵੱਧ ਦੇ ਪਲਾਟ ਤੱਕ 60 ਦਿਨ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ।

**ਨੋਟ:-** 1. ਨਿਗਮ ਦਫਤਰ ਵੱਲੋਂ 20 ਦਿਨਾਂ ਵਿੱਚ ਨਕਸ਼ੇ ਸਬੰਧੀ ਫੈਸਲਾ ਕਰਨ ਦੀ ਹਰ ਸੰਭਵ ਕੋਸ਼ਿਸ ਕੀਤੀ ਜਾਂਦੀ ਹੈ ਜੇਕਰ ਸਬੰਧਤ ਵਿਅਕਤੀ ਪ੍ਰਵਾਨਿਤ ਨਕਸ਼ੇ ਦੀ ਪਾਲਣਾ ਨਹੀਂ ਕਰਦਾ ਤਾਂ ਨਗਰ ਨਿਗਮ ਉਸਾਰੀ ਗਿਰਾ/ਰਾਜੀਨਾਮਾ ਕਰ ਸਕਦੀ ਹੈ।ਬਿਨਾਂ ਨਕਸ਼ਾ ਮੰਨਜੂਰ ਕਰਵਾਏ ਉਸਾਰੀ ਕਰਨ ਵਾਲੇ ਨੂੰ ਪੰਜਾਬ ਮਿਊਂਸਪਲ ਐਕਟ ਦੀ ਧਾਰਾ 269/270 ਦੇ ਨੋਟਿਸ ਕੱਟੇ ਜਾਂਦੇ ਹਨ ਅਤੇ ਨੋਟਿਸਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਉਸਾਰੀ ਗਿਰਾਉਣ ਦੇ ਹੁਕਮ ਪਾਸ ਕਰਨ ਉਪਰੰਤ ਉਸਾਰੀ ਗਿਰਾਈ ਜਾ ਸਕਦੀ ਹੈ।

**2. ਨਕਸ਼ਾ ਪਾਸ ਹੋਣ ਤੋਂ ਦੋ ਸਾਲ ਵਿੱਚ ਉਸਾਰੀ ਮੁਕੰਮਲ ਕਰਨੀ ਹੋਵੇਗੀ ਜੇਕਰ ਨਿਸ਼ਚਿਤ ਸਮੇਂ ਅੰਦਰ ਉਸਾਰੀ ਮੁਕੰਮਲ ਨਹੀਂ ਹੁੰਦੀ ਤਾਂ ਆਪ ਦਰਖਾਸਤ ਦੇ ਕੇ ਇੱਕ ਸਾਲ ਦਾ ਵਾਧਾ ਕਰਵਾ ਸਕਦੇ ਹੋ।ਉਸਾਰੀ ਮੁਕੰਮਲ ਹੋਣ ਉਪਰੰਤ ਫਾਰਮ ਐੱਫ ਭਰਕੇ ਨਿਗਮ ਤੋਂ ਕੰਪਲੀਸ਼ਨ ਸਰਟੀਫਿਕੇਟ ਲੈ ਸਕਦੇ ਹੋ।**

## ਕਾਰੋਬਾਰੀ ਨਕਸ਼ਾ ਪਾਸ ਕਰਨ ਸਬੰਧੀ ਫਲੋਅ ਚਾਰਟ

| ਲੜੀ ਨੰ: | ਸਬੰਧਤ ਅਧਿਕਾਰੀ | ਕਾਰੋਬਾਰੀ ਨਕਸ਼ੇ 500 ਵਰਗ ਗਜ ਤੱਕ ਲਈ ਸਮਾਂ 30 ਦਿਨ | ਕਾਰੋਬਾਰੀ ਨਕਸ਼ੇ 500 ਵਰਗ ਗਜ ਤੋਂ ਵੱਧ ਲਈ ਸਮਾਂ 60 ਦਿਨ |
|---|---|---|---|
| 1. | ਸਿੰਗਲ ਵਿੰਡੋ | 01 ਦਿਨ | 01 ਦਿਨ |
| 2. | ਬਿਲਡਿੰਗ ਕਲਰਕ | 01 ਦਿਨ | 01 ਦਿਨ |
| 3. | ਜੂਨੀਅਰ ਇੰਜੀਨੀਅਰ | 10 ਦਿਨ | 20 ਦਿਨ |
| 4. | ਸਹਾ.ਕਾਰਪੋਰੇਸ਼ਨ ਇੰਜੀਨੀਅਰ | 07 ਦਿਨ | 14 ਦਿਨ |
| 5. | ਨਿਗਮ ਇੰਜੀਨੀਅਰ | 05 ਦਿਨ | 11 ਦਿਨ |
| 6. | ਸਹਾਇਕ ਕਮਿਸ਼ਨਰ | 05 ਦਿਨ | 10 ਦਿਨ |
| 7. | ਕਮਿਸ਼ਨਰ | 03 ਦਿਨ | 03 ਦਿਨ |

**Note:-** ਉਪਰੋਕਤ Process ਪੂਰਾ ਕਰਨ ਉਪਰੰਤ ਕੈਟਾਗਿਰੀ-6(ਨਰਸਿੰਗ ਹੋਮ/ਹਸਪਤਾਲ,ਹੋਟਲ/ਰੈਸਟੋਰੈਂਟ,ਮੈਰਿਜ ਪੈਲੇਸ,ਸ਼ਾਪਿੰਗ ਕੰਪਲੈਕਸ,ਮਲਟੀਸਟੋਰੀ ਅਪਾਰਟਮੈਂਟ/ਕਲੋਨੀਆਂ, ਸਿਨੇਮਾ ਹਾਲ, ਮਲਟੀਪਲੈਕਸ ਵਗੈਰਾ)ਦੇ ਕਾਰੋਬਾਰੀ ਨਕਸ਼ੇ ਤਕਨੀਕੀ ਪ੍ਰਵਾਨਗੀ ਲਈ ਸਰਕਾਰ ਨੂੰ ਭੇਜੇ ਜਾਂਦੇ ਹਨ।ਤਕਨੀਕੀ ਪ੍ਰਵਾਨਗੀ ਆਉਣ ਉਪਰੰਤ ਹੀ ਇਹ ਨਕਸ਼ੇ ਪਾਸ ਕੀਤੇ ਜਾਂਦੇ ਹਨ।